## ਇਹ ਕਿਵੇਂ ਕੰਮ ਕਰਦੀ ਹੈ

ਅਸੀਂ ਹਰ ਸਾਲ 1 ਜਨਵਰੀ ਨੂੰ ਤੁਹਾਡੀ ਸਲਾਨਾ ਕਟੌਤੀ ਅਤੇ ਪਰਿਵਾਰ ਲਈ ਵੱਧ ਤੋਂ ਵੱਧ ਕਵਰੇਜ ਤੈਅ ਕਰਦੇ ਹਾਂ। ਇਹ ਦੋ ਸਾਲ ਪਹਿਲਾਂ ਤੋਂ ਤੁਹਾਡੀ ਆਮਦਨ ਦੇ ਆਧਾਰ ’ਤੇ ਹੁੰਦੀਆਂ ਹਨ। ਫੇਅਰ ਫਾਰਮਾਕੇਅਰ ਦੀ ਕਵਰੇਜ ਕਾਇਮ ਰੱਖਣ ਲਈ ਤੁਹਾਡੇ ਲਈ ਹਰ ਸਾਲ ਟੈਕਸ ਦੇ ਪੇਪਰ ਭਰਨਾ ਜ਼ਰੂਰੀ ਹੈ।

ਇਕ ਵਾਰ ਜਦੋਂ ਤੁਸੀਂ ਆਪਣੀ ਡਿਡੱਕਟੇਬਲ (ਕਟੌਤੀ) ਪੂਰੀ ਕਰ ਲਉ ਤਾਂ ਫਾਰਮਾਕੇਅਰ ਯੋਗ ਖਰਚਿਆਂ ਦਾ 70 ਪ੍ਰਤੀਸ਼ਤ ਦਿੰਦੀ ਹੈ। ਤੁਸੀਂ ਉਦੋਂ ਤੱਕ ਯੋਗ ਖਰਚਿਆਂ ਦਾ 30 ਪ੍ਰਤੀਸ਼ਤ ਦੇਣਾ ਜਾਰੀ ਰੱਖਦੇ ਹੋ ਜਦ ਤੱਕ ਤੁਸੀਂ ਆਪਣੇ ਪਰਿਵਾਰ ਲਈ ਵੱਧ ਤੋਂ ਵੱਧ (ਫੈਮਿਲੀ ਮੈਕਸੀਮਮ) ਰਕਮ ਦੇ ਨਹੀਂ ਦਿੰਦੇ।

ਜੇ ਤੁਹਾਡਾ ਜਾਂ ਤੁਹਾਡੇ ਸਪਾਊਸ (ਪਤਨੀ/ਪਤੀ) ਦਾ ਜਨਮ 1940 ਤੋਂ ਪਹਿਲਾਂ ਹੋਇਆ ਸੀ ਤਾਂ ਫੇਅਰ ਫਾਰਮਾਕੇਅਰ ਤੁਹਾਡੇ ਵਲੋਂ ਡਿਡੱਕਟੇਬਲ ਪੂਰਾ ਕਰ ਦਿੱਤੇ ਜਾਣ ਤੋਂ ਬਾਅਦ ਤੁਹਾਡੇ ਯੋਗ ਖਰਚਿਆਂ ਦਾ 75 ਪ੍ਰਤੀਸ਼ਤ ਦਿੰਦੀ ਹੈ।

**ਡਿਡੱਕਟੇਬਲ:** ਉਹ ਰਕਮ ਜਿਹੜੀ ਤੁਸੀਂ ਮਦਦ ਮਿਲਣ ਤੋਂ ਪਹਿਲਾਂ ਯੋਗ ਖਰਚਿਆਂ ਲਈ ਦਿੰਦੇ ਹੋ।

**ਪਰਿਵਾਰ ਲਈ ਵੱਧ ਤੋਂ ਵੱਧ (ਫੈਮਿਲੀ ਮੈਕਸੀਮਮ):** ਉਹ ਵੱਧ ਤੋਂ ਵੱਧ ਰਕਮ ਜਿਹੜੀ ਤੁਸੀਂ ਇਕ ਸਾਲ ਵਿਚ ਯੋਗ ਖਰਚਿਆਂ ਲਈ ਦਿਉਗੇ। ਤੁਹਾਡੇ ਵਲੋਂ ਆਪਣੇ ਪਰਿਵਾਰ ਲਈ ਵੱਧ ਤੋਂ ਵੱਧ ਰਕਮ ਦੇ ਦੇਣ ਤੋਂ ਬਾਅਦ, ਫਾਰਮਾਕੇਅਰ ਯੋਗ ਖਰਚਿਆ ਦਾ 100 ਪ੍ਰਤੀਸ਼ਤ ਦਿੰਦੀ ਹੈ।

**ਯੋਗ ਖਰਚੇ:** ਉਹ ਵੱਧ ਤੋਂ ਵੱਧ ਰਕਮ ਜਿਹੜੀ ਫਾਰਮਾਕੇਅਰ ਕਿਸੇ ਦਵਾਈ ਜਾਂ ਫਾਰਮੇਸੀ ਦੀ ਸਰਵਿਸ ਲਈ ਦੇਵੇਗੀ। ਸਿਰਫ ਯੋਗ ਖਰਚੇ ਹੀ ਤੁਹਾਡੇ ਡਿਡੱਕਟੇਬਲ ਅਤੇ ਪਰਿਵਾਰ ਲਈ ਵੱਧ ਤੋਂ ਵੱਧ ਰਕਮ ਲਈ ਗਿਣੇ ਜਾਂਦੇ ਹਨ।

## ਰਜਿਸਟਰ ਹੋਣ ਲਈ ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ

ਤੁਹਾਡੇ ਪਰਿਵਾਰ ਦੇ ਹਰ ਮੈਂਬਰ ਲਈ:

- ਨਾਂ
- ਜਨਮ ਦੀ ਤਾਰੀਕ
- 10 ਅੰਕਾਂ ਦਾ ਨਿੱਜੀ ਸਿਹਤ ਨੰਬਰ

ਤੁਹਾਡੇ ਅਤੇ ਤੁਹਾਡੇ ਸਪਾਊਸ (ਜੇ ਤੁਹਾਡਾ ਹੈ) ਲਈ:

- ਸੋਸ਼ਲ ਇਨਸ਼ੋਰੈਂਸ ਨੰਬਰ (ਸਿਨ)
- ਨਿਰੋਲ ਆਮਦਨ (ਤੁਹਾਡੇ ਸੀ ਆਰ ਏ ਦੇ ਦੋ ਸਾਲ ਪਹਿਲਾਂ ਤੋਂ ਨੋਟਿਸ ਔਫ ਅਸੈੱਸਮੈਂਟ ਤੋਂ ਲਾਈਨ 23600)
- ਜੇ ਲਾਗੂ ਹੁੰਦਾ ਹੋਵੇ, ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ ਦੀ ਆਮਦਨ (ਲਾਈਨ 12500)

ਜੇ ਆਪਣੇ ਟੈਕਸ ਭਰਨ ਵਿਚ ਤੁਹਾਨੂੰ ਮਦਦ ਦੀ, ਜਾਂ ਆਪਣੇ ਨੋਟਿਸ ਔਫ ਅਸੈੱਸਮੈਂਟ ਦੀ ਕਾਪੀ ਦੀ ਲੋੜ ਹੋਵੇ ਤਾਂ ਇਸ ਨੰਬਰ ’ਤੇ ਸੀ ਆਰ ਏ ਨਾਲ ਸੰਪਰਕ ਕਰੋ: 1-800-959-8281

## ਕਵਰੇਜ ਕਦੋਂ ਸ਼ੁਰੂ ਹੁੰਦੀ ਹੈ

ਜੇ ਤੁਸੀਂ ਔਨਲਾਈਨ ਜਾਂ ਫੋਨ ਰਾਹੀਂ ਰਜਿਸਟਰ ਹੁੰਦੇ ਹੋ ਤਾਂ ਤੁਹਾਡੀ ਟੈਂਪਰੇਰੀ ਕਵਰੇਜ ਫੌਰਨ ਸ਼ੁਰੂ ਹੋ ਜਾਵੇਗੀ। ਜੇ ਤੁਸੀਂ ਡਾਕ ਰਾਹੀਂ ਰਜਿਸਟਰ ਹੁੰਦੇ ਹੋ ਤਾਂ ਟੈਂਪਰੇਰੀ ਕਵਰੇਜ ਸਾਡੇ ਵਲੋਂ ਤੁਹਾਡੇ ਰਜਿਸਟਰੇਸ਼ਨ ਫਾਰਮ ’ਤੇ ਕਾਰਵਾਈ ਕਰਨ ਤੋਂ ਫੌਰਨ ਬਾਅਦ ਸ਼ੁਰੂ ਹੋ ਜਾਂਦੀ ਹੈ।

ਸੀ ਆਰ ਏ ਨਾਲ ਤੁਹਾਡੀ ਆਮਦਨ ਚੈੱਕ ਕਰ ਲੈਣ ’ਤੇ, ਅਸੀਂ ਬਾਕੀ ਸਾਲ ਲਈ ਤੁਹਾਡੀ ਡਿਡੱਕਟੇਬਲ ਅਤੇ ਪਰਿਵਾਰ ਲਈ ਵੱਧ ਤੋਂ ਵੱਧ (ਫੈਮਿਲੀ ਮੈਕਸੀਮਮ) ਤੈਅ ਕਰਾਂਗੇ।

## ਹੁਣ ਹੀ ਰਜਿਸਟਰ ਹੋਵੋ

**ਔਨਲਾਈਨ:** www.gov.bc.ca/AHDC

**ਫੋਨ ਰਾਹੀਂ:** 1-800-663-7100 (ਮੁਫਤ) ਜਾਂ
604-683-7151 (ਲੋਅਰ ਮੇਨਲੈਂਡ)

ਸੋਮਵਾਰ ਤੋਂ ਸ਼ੁਕਰਵਾਰ ਸਵੇਰ ਦੇ 8 ਵਜੇ ਤੋਂ ਰਾਤ ਦੇ 8 ਵਜੇ ਤੱਕ
ਸਨਿੱਚਰਵਾਰ ਸਵੇਰ ਦੇ 8 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ

**ਡਾਕ ਰਾਹੀਂ:** Health Insurance BC, Fair PharmaCare
P.O. Box 9684 Stn Prov Govt
Victoria BC, V8W 9P7

ਔਨਲਾਈਨ ਫਾਰਮ ਪ੍ਰਿੰਟ ਕਰੋ ਜਾਂ ਡਾਕ ਰਾਹੀਂ ਮੰਗਵਾਉਣ ਲਈ ਸਾਨੂੰ ਫੋਨ ਕਰੋ।

ਫੇਅਰ ਫਾਰਮਾਕੇਅਰ ਬਾਰੇ ਜਾਣਕਾਰੀ ਔਨਲਾਈਨ ਅਤੇ ਫੋਨ ’ਤੇ ਕਈ ਜ਼ਬਾਨਾਂ ਵਿਚ ਉਪਲਬਧ ਹੈ।


## ਆਪਣਾ ਡਿਡੱਕਟੇਬਲ ਦੇਣ ਵਿਚ ਮਦਦ ਲਉ

ਤੁਸੀਂ ਆਪਣਾ ਡਿਡੱਕਟੇਬਲ ਮਹੀਨਾਵਾਰ ਕਿਸ਼ਤਾਂ ਵਿਚ ਦੇ ਸਕਦੇ ਹੋ ਅਤੇ ਯੋਗ ਖਰਚਿਆਂ ਲਈ ਫੌਰਨ ਮਦਦ ਲੈ ਸਕਦੇ ਹੋ – ਜਿਵੇਂ ਕਿ ਤੁਸੀਂ ਆਪਣਾ ਡਿਡੱਕਟੇਬਲ ਪਹਿਲਾਂ ਹੀ ਦੇ ਦਿੱਤਾ ਹੋਵੇ। ਮਹੀਨਾਵਾਰ ਡਿਡੱਕਟੇਬਲ ਪੇਮੈਂਟ ਦੀ ਚੋਣ ਬਾਰੇ ਪੁੱਛਣ ਲਈ ਸਾਨੂੰ ਫੋਨ ਕਰੋ।

ਤੁਹਾਡੇ ਡਿਡੱਕਟੇਬਲ ਦਾ ਹਿਸਾਬ ਲੱਗਣ ਤੋਂ ਬਾਅਦ, ਜੇ ਤੁਹਾਡੇ ਪਰਿਵਾਰ ਦੀ ਆਮਦਨ 10 ਪ੍ਰਤੀਸ਼ਤ ਨਾਲੋਂ ਜ਼ਿਆਦਾ ਘਟ ਜਾਂਦੀ ਹੈ ਤਾਂ ਤੁਸੀਂ ਘੱਟ ਡਿਡੱਕਟੇਬਲ ਲਈ ਅਪਲਾਈ ਕਰ ਸਕਦੇ ਹੋ।

ਆਮਦਨ ’ਤੇ ਵਿਚਾਰ ਬਾਰੇ www.gov.bc.ca/fairpharmacare ’ਤੇ ਜਾਣੋ।

[Punjabi]



# ਫੇਅਰ ਫਾਰਮਾਕੇਅਰ ਪਲੈਨ

ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦਾ ਖਰਚਾ ਦੇਣ ਵਿਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨਾ।

ਅੱਜ ਹੀ ਰਜਿਸਟਰ ਹੋਵੋ!

BRITISH COLUMBIA | BCPharmaCare

T79415_B_Punjabi_100119 FP.indd 1 2022-08-25 1:25:23 PM

## ਫੇਅਰ ਫਾਰਮਾਕੇਅਰ ਪਲੈਨ

ਫੇਅਰ ਫਾਰਮਾਕੇਅਰ, ਬੀ ਸੀ ਫਾਰਮਾਕੇਅਰ ਦੀਆਂ 12 ਪਲੈਨਾਂ ਵਿੱਚੋਂ ਇਕ ਹੈ। ਇਹ ਪਲੈਨਾਂ ਬੀ.ਸੀ. ਦੇ ਵਸਨੀਕਾਂ ਦੀ ਇਨ੍ਹਾਂ ਕੁਝ ਚੀਜ਼ਾਂ ਲਈ ਖਰਚਾ ਦੇਣ ਵਿਚ ਮਦਦ ਕਰਦੀਆਂ ਹਨ:

- ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ
- ਮੈਡੀਕਲ ਯੰਤਰ ਅਤੇ ਸਪਲਾਈਆਂ
- ਫਾਰਮੇਸੀ ਦੀਆਂ ਸੇਵਾਵਾਂ, ਜਿਵੇਂ ਕਿ ਫਲੂ ਦੇ ਟੀਕੇ

ਫੇਅਰ ਫਾਰਮਾਕੇਅਰ ਪਲੈਨ ਤੁਹਾਡੇ ਪਰਿਵਾਰ ਦੀ ਆਮਦਨ 'ਤੇ ਆਧਾਰਿਤ ਹੈ। ਜਿੰਨੀ ਆਮਦਨ ਤੁਹਾਡੀ ਘੱਟ ਹੈ, ਓਨੀ ਜ਼ਿਆਦਾ ਤੁਹਾਨੂੰ ਮਦਦ ਮਿਲਦੀ ਹੈ। ਪਰਿਵਾਰ ਕੋਈ ਇਕ ਵਿਅਕਤੀ ਜਾਂ ਜੋੜਾ ਹੋ ਸਕਦਾ ਹੈ – ਬੱਚਿਆਂ ਨਾਲ ਜਾਂ ਬੱਚਿਆਂ ਤੋਂ ਬਿਨਾਂ।

ਕਵਰੇਜ ਪਰਿਵਾਰ ਦੀ ਦੋ ਸਾਲ ਪਹਿਲਾਂ ਦੀ ਨਿਰੋਲ ਆਮਦਨ 'ਤੇ ਆਧਾਰਿਤ ਹੁੰਦੀ ਹੈ। ਜਦੋਂ ਤੁਸੀਂ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੁੰਦੇ ਹੋ ਤਾਂ ਤੁਸੀਂ ਫਾਰਮਾਕੇਅਰ ਨੂੰ ਆਪਣੀ ਆਮਦਨ ਕੈਨੇਡਾ ਰੈਵੇਨਿਊ ਏਜੰਸੀ (ਸੀ ਆਰ ਏ) ਤੋਂ ਚੈੱਕ ਕੀਤੇ ਜਾਣ ਲਈ ਸਹਿਮਤੀ ਦਿੰਦੇ ਹੋ।

ਰਜਿਸਟਰ ਹੋਣਾ ਮੁਫਤ ਹੈ।

ਜਦੋਂ ਤੁਸੀਂ ਦਵਾਈ ਲੈਂਦੇ ਹੋ ਤਾਂ ਫਾਰਮਾਕੇਅਰ ਦੇ ਹਿੱਸੇ ਦਾ ਹਿਸਾਬ ਤੁਹਾਡੇ ਵਲੋਂ ਦਵਾਈ ਖਰੀਦਣ ਵੇਲੇ ਆਪਣੇ ਆਪ ਹੀ ਲੱਗ ਜਾਂਦਾ ਹੈ। ਤੁਸੀਂ ਸਿਰਫ ਉਹ ਖਰਚਾ ਦਿੰਦੇ ਹੋ ਜਿਸ ਨੂੰ ਫਾਰਮਾਕੇਅਰ ਕਵਰ ਨਹੀਂ ਕਰਦੀ।


## ਹੱਕਦਾਰੀ

ਤੁਸੀਂ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋ ਸਕਦੇ ਹੋ ਜੇ:

- ਤੁਸੀਂ ਬੀ.ਸੀ. ਦੇ ਵਸਨੀਕ ਹੋ
- ਤੁਸੀਂ ਬੀ ਸੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਿਚ ਪੂਰੀ ਤਰ੍ਹਾਂ ਰਜਿਸਟਰ ਹੋ
- ਤੁਹਾਡੇ ਕੋਲ ਸੋਸ਼ਲ ਇਨਸ਼ੋਰੈਂਸ ਨੰਬਰ (ਸਿਨ) ਹੈ
- ਤੁਸੀਂ ਦੋ ਸਾਲ ਪਹਿਲਾਂ ਸੀ ਆਰ ਏ ਨਾਲ ਆਪਣੇ ਇਨਕਟਮ ਟੈਕਸ ਦੇ ਪੇਪਰ ਭਰੇ ਸਨ

ਜੇ ਤੁਸੀਂ ਦੋ ਸਾਲ ਪਹਿਲਾਂ ਟੈਕਸ ਨਹੀਂ ਭਰ ਸਕੇ (ਜਿਵੇਂ ਤੁਸੀਂ ਕੈਨੇਡਾ ਤੋਂ ਬਾਹਰ ਕੰਮ ਕੀਤਾ ਹੈ) ਤਾਂ ਸਾਨੂੰ ਫੋਨ ਕਰੋ।

## ਫੇਅਰ ਫਾਰਮਾਕੇਅਰ ਆਮ ਮਦਦ




| ਪਰਿਵਾਰ ਦੀ ਆਮਦਨ | ਡਿਡੱਕਟੇਬਲ | ਪਰਿਵਾਰ ਲਈ ਵੱਧ ਤੋਂ ਵੱਧ (ਫੈਮਿਲੀ ਮੈਕਸੀਮਮ) |
|---|---|---|
| $0 – $13,750 | ਕੋਈ ਨਹੀਂ।<br>ਫੇਅਰ ਫਾਰਮਾਕੇਅਰ ਫੌਰਨ ਤੁਹਾਡੇ ਯੋਗ ਖਰਚਿਆਂ ਦਾ 100 ਪ੍ਰਤੀਸ਼ਤ ਦਿੰਦੀ ਹੈ। | ਕੋਈ ਨਹੀਂ। |
| $13,750.01 – $30,000 | ਕੋਈ ਨਹੀਂ। ਫੇਅਰ ਫਾਰਮਾਕੇਅਰ ਫੌਰਨ ਤੁਹਾਡੇ ਯੋਗ ਖਰਚਿਆਂ ਦਾ 70 ਪ੍ਰਤੀਸ਼ਤ ਦਿੰਦੀ ਹੈ। | $100 – $800 |
| $30,000.01 – $45,000 | $650 – $1,300 | $900 – $1,700 |
| $45,000.01 – $87,500 | $1,400 – $2,500 | $1,875 – $3,350 |
| $87,500.01 – $125,000 | $2,750 – $3,500 | $3,675 – $4,675 |
| $125,000.01 – $250,000 | $4,000 – $7,000 | $5,350 – $9,350 |
| $250,000.01 ਅਤੇ ਜ਼ਿਆਦਾ | $8,000 – $10,000 | $10,000 |

ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਵਿਅਕਤੀ 1940 ਤੋਂ ਪਹਿਲਾਂ ਪੈਦਾ ਹੋਇਆ ਸੀ ਤਾਂ ਤੁਹਾਡਾ ਡਿਡੱਕਟੇਬਲ ਅਤੇ ਪਰਿਵਾਰ ਲਈ ਵੱਧ ਤੋਂ ਵੱਧ (ਫੈਮਿਲੀ ਮੈਕਸੀਮਮ) ਘੱਟ ਹੋ ਸਕਦਾ ਹੈ।

ਕੰਮ-ਮਾਲਕਾਂ ਦੀਆਂ ਬਹੁਤੀਆਂ ਹੈਲਥ ਪਲੈਨਾਂ ਤੁਹਾਡੇ ਤੋਂ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣ ਦੀ ਮੰਗ ਕਰਦੀਆਂ ਹਨ। ਉਹ ਅਕਸਰ ਡਿਡੱਕਟੇਬਲ ਅਤੇ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀ ਦਵਾਈ ਦੇ ਖਰਚੇ ਦਾ ਤੁਹਾਡਾ ਹਿੱਸਾ ਦਿੰਦੀਆਂ ਹਨ।

T79415_B_Punjabi_100119 FP.indd 2 2022-08-25 1:25:23 PM